ਦਫਤਰ ਕਾਰਜਕਾਰੀ ਇੰਜੀਨੀਅਰ ਉਸਾਰੀ ਮੰਡਲ ਭਵਨ ਤੇ ਮਾਰਗ ਸ਼ਾਖਾ,ਮਾਲੇਰਕੋਟਲਾ।
ਟੈਲੀਫੋਨ ਨੰਬਰ-01675-253008
xenpwdmalerkotla@gmail.com

ਵੱਲ

ਸ਼੍ਰੀ ਸਰਬਜੀਤ ਸਿੰਘ ਪੁੱਤਰ ਸ਼੍ਰੀ ਰਘਵੀਰ ਸਿੰਘ,
ਵਾਸੀ ਗਲੀ ਨੰਬਰ-1,ਸੰਤ ਨਗਰ,ਮਹਿਲਾਂ ਰੋਡ,
ਸੰਗਰੂਰ।

ਨੰਬਰ 2763 ਮਿਤੀ 13-09-19

ਵਿਸ਼ਾ :- M/s The Sydeny Grand ਮੈਰਿਜ ਪੈਲੇਸ ਲਈ ਰਸਤੇ ਦਾ ਐਨ.ਓ.ਸੀ ਲੈਣ ਸਬੰਧੀ (ਲੁਧਿਆਣਾ-ਮਾਲੇਰਕੋਟਲਾ ਸੰਗਰੂਰ ਰੋਡ) ਦੇ ਆਰ.ਡੀ 71.560 ਦੇ ਖੱਬੇ ਪਾਸੇ

ਹਵਾਲਾ:- ਆਪ ਦੇ ਦਫਤਰ ਦਾ ਪੱਤਰ ਨੰ:-2691 ਮਿਤੀ 08-08-2019 ਦੇ ਸਬੰਧ ਵਿੱਚ

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਸਬੰਧੀ ਉਪ ਮੰਡਲ ਇੰਜੀਨੀਅਰ,ਉਸਾਰੀ ਉਪ ਮੰਡਲ ਨੰਬਰ-3, ਸੰਗਰੂਰ ਵੱਲੋ ਕੀਤੀ ਰਿਪੋਰਟ ਅਨੁਸਾਰ ਸ਼੍ਰੀ ਸਰਬਜੀਤ ਸਿੰਘ ਪੁੱਤਰ ਸ਼੍ਰੀ ਰਘਵੀਰ ਸਿੰਘ,ਵਾਸੀ ਗਲੀ ਨੰਬਰ-1, ਸੰਤ ਨਗਰ, ਮਹਿਲਾਂ ਰੋਡ,ਸੰਗਰੂਰ ਲਈ ਐਨ.ਓ.ਸੀ ਹੇਠ ਲਿਖੀਆਂ ਸ਼ਰਤਾ ਤੇ ਜਾਰੀ ਕੀਤਾ ਜਾਂਦਾ ਹੈ:-

1. ਆਪ ਵੱਲੋ ਨਾਲ ਨੱਥੀ ਅਪਰੂਵਡ ਨਕਸ਼ੇ ਅਨੁਸਾਰ ਹੀ ਉਸਾਰੀ ਕੀਤੀ ਜਾਵੇਗੀ।
2. ਸ਼ਡਿਊਲਡ ਰੋਡ ਐਕਟ 1995 ਦੀ ਪਾਲਣਾ ਕਰਦੇ ਹੋਏ ਆਪ ਸੜਕ ਦੀ ਅਖੀਰਲੀ ਬਾਊਂਡਰੀ (ਭਾਵ ਸਰਕਾਰੀ ਜਗ੍ਹਾ ਛੱਡ ਕੇ) ਤੋ 30 ਮੀਟਰ ਤੱਕ ਆਪਣੀ ਮਲਕੀਅਤ ਵਿੱਚ ਕੋਈ ਉਸਾਰੀ ਨਹੀ ਕਰੋਗੇ।
3. ਸੜਕ ਦੀ ਸਰਕਾਰੀ ਜਗ੍ਹਾ ਅਤੇ ਆਪ ਦੀ ਮਲਕੀਅਤ ਵਿੱਚਕਾਰ ਡਰੇਨਜ਼ ਵਿਭਾਗ ਦੀ ਜਗ੍ਹਾ ਆਉਂਦੀ ਹੈ।ਮੌਕੇ ਉਪਰ ਡਰੇਨ ਚਲਦੀ ਹੈ।ਆਪ ਵੱਲੋ ਪੈਲੇਸ ਦੇ ਦੋਨਾਂ ਗੇਟਾ ਅੱਗੇ ਡਰੇਨਜ਼ ਵਿਭਾਗ ਤੋ ਮੰਨਜੂਰੀ ਲੈਕੇ ਕਲਵਰਟ ਦੀ ਉਸਾਰੀ ਕੀਤੀ ਜਾਵੇਗੀ ਅਤੇ ਪੈਲੇਸ ਦੀ ਪਾਣੀ ਦੀ ਡਿਸਪੋਜਲ ਵਾਸਤੇ ਵੱਖਰੇ ਤੋਰ ਤੇ ਡਰੇਨ ਦਾ ਪ੍ਰਬੰਧ ਕੀਤਾ ਜਾਵੇ।
4. ਪਾਣੀ ਦੀ ਡਿਸਪੋਜਲ ਵਾਸਤੇ ਡਰੇਨ ਦਾ ਪ੍ਰਬੰਧ ਕੀਤਾ ਜਾਵੇਗਾ ਤਾਂ ਜੋ ਸੜਕ ਨੂੰ ਕਿਸੇ ਤਰ੍ਹਾ ਦਾ ਨੁਕਸਾਨ ਨਾ ਹੋਵੇ।ਇਹ ਡਰੇਨ ਸੜਕ ਦੇ ਲੈਵਲ ਤੋ ਨੀਵੀ ਬਣਾਈ ਜਾਵੇ।
5. ਆਪ ਵੱਲੋ ਕੂੜਾ ਕਰਕਟ ਸੜਕ ਉਪਰ ਨਹੀ ਸੁਟਿਆ ਜਾਵੇਗਾ।
6. ਆਪ ਵੱਲੋ ਸੜਕ ਦੇ ਬਰਮ ਉਪਰ/ਰੋਡ ਦੀ ਰਾਖਵੀ ਜਗ੍ਹਾ ਤੇ ਕਿਸੇ ਤਰ੍ਹਾ ਦੀ ਪਾਰਕਿੰਗ ਆਦਿ ਨਾ ਕੀਤੀ ਜਾਵੇ।ਵਹੀਕਲ ਪੈਲੇਸ ਦੀ ਬਾਊਂਡਰੀ ਦੇ ਅੰਦਰ ਖੜੇ ਕੀਤੇ ਜਾਣ।
7. ਜੇਕਰ ਭਵਿੱਖ ਵਿੱਚ ਸੜਕ ਨੂੰ ਚੌੜਾ ਕਰਨਾ ਪਿਆ ਤਾਂ ਪਹਿਲਾਂ ਕੀਤੀ ਉਸਾਰੀ ਆਪ ਵੱਲੋ ਆਪਣੇ ਪੱਧਰ ਤੇ ਢੁਆਈ ਜਾਵੇਗੀ ਅਤੇ ਇਸ ਸਬੰਧੀ ਆਪ ਵੱਲੋ ਕੋਈ ਕਲੇਮ ਨਹੀ ਕੀਤਾ ਜਾਵੇਗਾ।
8. ਸਰਕਾਰ ਦੀਆਂ ਨਵੀਆਂ ਹਦਾਇਤਾ ਅਨੁਸਾਰ ਇਹ ਐਨ.ਓ.ਸੀ ਹਰ 5 ਸਾਲ ਬਾਅਦ ਰੀਨਿਊ ਕਰਨ ਯੋਗ ਹੋਵੇਗਾ।ਇਸ ਤੋ ਇਲਾਵਾ ਜੇਕਰ ਸਰਕਾਰ ਵੱਲੋ ਸਮੇਂ-ਸਮੇਂ ਤੇ ਫੀਸਾ ਵਧਾਈਆਂ ਜਾਣਗੀਆਂ ਤਾਂ ਆਪ ਉਹਨਾਂ ਫੀਸਾ ਨੂੰ ਜਮਾਂ ਕਰਵਾਉਣ ਦੇ ਪਾਬੰਦ ਹੋਵੋਗੇ।ਆਪ ਭਵਿੱਖ ਵਿੱਚ ਸਰਕਾਰ ਵੱਲੋਂ ਜਾਰੀ ਕੀਤੀਆ ਹਦਾਇਤਾ ਦੀ ਇੰਨ ਬਿੰਨ ਪਾਲਣਾ ਕਰਨ ਦਾ ਪਾਬੰਦ ਹੋਵੋਗੇ।ਪਾਲਣਾ ਨਾ ਕਰਨ ਦੀ ਸੂਰਤ ਵਿੱਚ ਪ੍ਰਾਰਥੀ ਨੂੰ ਜਾਰੀ ਕੀਤਾ ਐਨ.ਓ.ਸੀ ਰੱਦ ਕਰ ਦਿੱਤਾ ਜਾਵੇਗਾ।
9. ਉਕਤ ਐਨ.ਓ.ਸੀ ਸਿਰਫ ਸੜਕ ਪੱਖੋ ਜਾਰੀ ਕੀਤਾਂ ਜਾਂਦਾ ਹੈ।ਬਾਕੀ ਮਹਿਕਮਿਆ ਨਾਲ ਸਬੰਧਤ ਜਿਵੇ ਕਿ ਸੀ.ਐਲ.ਯੂ.ਜੰਗਲਾਤ,ਫਾਇਰ ਡਿਪਾਰਟਮੈਂਟ, ਬਿਲਡਿੰਗ ਸੇਫਟੀ ਆਦਿ ਲੋੜ ਅਨੁਸਾਰ ਪ੍ਰਾਰਥੀ ਆਪਣੇ ਪੱਧਰ ਤੇ ਲੈਣ ਲਈ ਜੁੰਮੇਵਾਰ ਹੋਵੇਗਾ।

ਨੱਥੀ/ਨਕਸ਼ਾ

THE SYDNEY GRAND
Partner

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋਕ ਨਿਰਮਾਣ ਵਿਭਾਗ,
ਭਵਨ ਤੇ ਮਾਰਗ ਸ਼ਾਖਾ, ਮਾਲੇਰਕੋਟਲਾ।

ਮਿਤੀ

ਪਿੱਠ ਅੰਕਣ ਨੰਬਰ

ਉਪਰੋਕਤ ਦਾ ਉਤਾਰਾ ਪ੍ਰੋਜੈਕਟ ਡਾਇਰੈਕਟਰ(ਪੀ.ਆਰ.ਬੀ.ਡੀ.ਬੀ)ਐਸ.ਸੀ.ਓ ਨੰਬਰ-61-62,ਫੇਜ਼-2 ਨੂੰ
(ਪ੍ਰੋਸੈਸਿੰਗ ਫੀਸ)ਅਤੇ ਡੀ.ਡੀ ਨੰਬਰ-047584 ਮਿਤੀ 05-09-2019
ਡੀ.ਡੀ. ਨੰਬਰ-047583 ਮਿਤੀ 05.09.2019
ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜੇ ਜਾਂਦੇ ਹਨ ਜੀ।
ਬਾਬਤ ਰਕਮ 1,50,000/-ਰੁਪਏ(ਰਸਤੇ ਦੀ ਫੀਸ)
[illegible] 047583 ਅਤੇ